# on the table.

# ਔਨ ਦਿ ਟੇਬਲ।

## ਵੀਰਵਾਰ, 13 ਸਤੰਬਰ

ਔਨ ਦਿ ਟੇਬਲ (ਟੇਬਲ ’ਤੇ), ਕਮਿਊਨਟੀ ਦੇ ਮੇਲਜੋਲ ਨੂੰ ਉਤਸ਼ਾਹ ਦੇਣ ਲਈ ਵੈਨਕੂਵਰ ਫਾਉਂਡਸ਼ੇਨ ਦਾ ਇਕ ਪ੍ਰੋਗਰਾਮ ਹੈ। ਅਸੀਂ ਸੂਬੇ ਭਰ ਦੇ ਲੋਕਾਂ ਨੂੰ ਦੋਸਤਾਂ, ਗੁਆਂਢੀਆਂ, ਸਾਥੀ-ਵਰਕਰਾਂ ਅਤੇ ਪਰਿਵਾਰ ਨਾਲ ਇਕੱਠੇ ਹੋ ਕੇ ਬਹਿਣ, ਕੁਝ ਖਾਣੇ ਸਾਂਝੇ ਕਰਨ, ਅਤੇ ਉਨ੍ਹਾਂ ਚੀਜ਼ਾਂ ਬਾਰੇ ਗੱਲ ਕਰਨ ਲਈ ਉਤਸ਼ਾਹ ਦੇ ਰਹੇ ਹਾਂ ਜਿਹੜੀਆਂ ਤੁਹਾਡੇ ਲਈ ਸਭ ਤੋਂ ਜ਼ਿਆਦਾ ਮਹੱਤਵਪੂਰਨ ਹਨ।

ਜਿਨ੍ਹਾਂ ਚੀਜ਼ਾਂ ਬਾਰੇ ਲੋਕ ਗੱਲਾਂ ਕਰਨਗੇ ਉਹ ਇਕੱਠੀਆਂ ਕੀਤੀਆਂ ਜਾਣਗੀਆਂ ਅਤੇ ਸਾਂਝੀਆਂ ਕੀਤੀਆਂ ਜਾਣਗੀਆਂ – ਜਿਸ ਨਾਲ ਸਾਨੂੰ ਇਸ ਚੀਜ਼ ਬਾਰੇ ਇਕ ਦਿਲਚਸਪ ਝਲਕ ਮਿਲੇਗੀ ਕਿ ਇਸ ਵੇਲੇ ਬੀ ਸੀ ਭਰ ਵਿਚ ਲੋਕਾਂ ਦੇ ਮਨ ਵਿਚ ਕੀ ਹੈ। ਇਹ ਹਰ ਪਾਸੇ ਲੋਕਾਂ ਲਈ ਮਿਲਣ, ਇਕੱਠੇ ਹੋਣ ਅਤੇ ਗੱਲਾਂ ਸਾਂਝੀਆਂ ਕਰਨ ਦਾ ਇਕ ਸ਼ੁਗਲ ਵਾਲਾ ਅਤੇ ਅਰਥਭਰਪੂਰ ਮੌਕਾ ਹੈ।

### ਫਿਰ ਤੁਹਾਡੇ ਮਨ ਵਿਚ ਕੀ ਹੈ? ਆਉ ਇਸ ਨੂੰ ਟੇਬਲ ’ਤੇ ਲਿਆਈਏ।

**ਇਹ ਪ੍ਰੋਗਰਾਮ ਕੌਣ ਕਰਵਾ ਸਕਦਾ ਹੈ?**
ਕੋਈ ਵੀ! ਵਿਅਕਤੀ, ਗਰੁੱਪ, ਜਾਂ ਸੰਸਥਾਵਾਂ।

**ਅਸੀਂ ਇਹ ਕਿੱਥੇ ਕਰਵਾ ਸਕਦੇ ਹਾਂ?**
ਕਿਤੇ ਵੀ। ਬੈਕਯਾਰਡ, ਘਰ, ਕੌਫੀ ਹਾਊਸ, ਦਫਤਰ ਜਾਂ ਕੰਮ ਦੀ ਥਾਂ।

**ਸਾਨੂੰ ਕਿਸ ਚੀਜ਼ ਬਾਰੇ ਗੱਲ ਕਰਨੀ ਚਾਹੀਦੀ ਹੈ?**
ਕਿਸੇ ਵੀ ਚੀਜ਼ ਬਾਰੇ! ਕੋਈ ਵੀ ਅਜਿਹਾ ਵਿਸ਼ਾ ਚੁਣੋ ਜਿਹੜਾ ਤੁਹਾਡੇ ਲਈ ਮਹੱਤਵਪੂਰਨ ਹੈ। ਜਾਂ, ਇਸ ਨੂੰ ਗੱਲਾਂ ਵਿੱਚੋਂ ਆਪੇ ਸਾਹਮਣੇ ਆਉਣ ਦਿਉ।

**ਗੱਲਬਾਤ ਤੋਂ ਬਾਅਦ ਕੀ ਹੁੰਦਾ ਹੈ?**
ਰਚਨਾਤਮਿਕ ਖਿਆਲ ਸ਼ੁਰੂ ਕਰਨ ਲਈ ਆਪਣੀ ਗੱਲਬਾਤ ਦੀ ਵਰਤੋਂ ਕਰੋ, ਅਜਿਹੇ ਹੋਰ ਵਿਅਕਤੀ ਲੱਭੋ ਜਿਨ੍ਹਾਂ ਦੇ ਸ਼ੌਕ ਤੁਹਾਡੇ ਵਰਗੇ ਹਨ, ਜਾਂ ਕੋਈ ਨਵਾਂ ਰਾਹ ਚੁਣੋ।

**ਆਪਣੀ ਗੱਲਬਾਤ ਦੇ ਨਤੀਜੇ ਮੈਂ ਸਾਂਝੇ ਕਿਵੇਂ ਕਰਨੇ ਹਨ?**
ਆਪਣੇ ਵਿਚਾਰ ਅਤੇ ਖਿਆਲ **#onthetablebc** ’ਤੇ ਸਾਡੇ ਨਾਲ ਜੁੜ ਕੇ ਜਾਂ ਔਨ ਦਿ ਟੇਬਲ ਸਰਵੇ ਲੈ ਕੇ ਸਾਂਝੇ ਕਰੋ।

**onthetablebc.com** ’ਤੇ ਰਜਿਸਟਰ ਹੋਵੋ ਅਤੇ ਜ਼ਿਆਦਾ ਜਾਣੋ।

---

**ਸਵਾਲ ਹਨ?**
ਸਾਡੇ ਨਾਲ **host@onthetablebc.com** ’ਤੇ ਸੰਪਰਕ ਕਰੋ।

vancouver foundation ਵਲੋਂ ਇਕ ਸੱਦਾ

[Punjabi]